Punjabi



# ਨੈਤਿਕ ਅਖੰਡਤਾ ਪ੍ਰਤੀ ਸਾਡੀ ਵਚਨਬੱਧਤਾ (Our Commitment to Ethical Integrity)

ਆਪਣਾ Covenant Health ਸੱਭਿਆਚਾਰ ਬਣਾਉਣਾ

Covenant Health

## ਸਾਡਾ ਵਾਅਦਾ
## (Our promise)

*ਨੈਤਿਕ ਅਖੰਡਤਾ ਦੇ ਪ੍ਰਤੀ ਸਾਡੀ ਵਚਨਬੱਧਤਾ ਵਿਹਾਰ ਦੇ ਜ਼ਾਬਤੇ ਤੋਂ ਵੱਧ ਕੇ ਹੈ — ਇਹ ਇੱਕ ਵਾਅਦਾ ਹੈ...*

*ਅਸੀਂ ਅਜਿਹੇ ਸੱਭਿਆਚਾਰ ਦਾ ਨਿਰਮਾਣ ਕਰਨ ਦਾ ਵਾਅਦਾ ਕਰਦੇ ਹਾਂ ਜੋ ਸਾਡੇ ਸਟਾਫ, ਡਾਕਟਰਾਂ ਅਤੇ ਵਾਲੰਟੀਅਰਾਂ ਨੂੰ ਵੱਧਣ-ਫੁਲਣ ਦੇਵੇਗਾ, ਇਹ ਜਾਣਦੇ ਹੋਏ ਕਿ ਅਸੀਂ ਅਜਿਹੇ ਫੈਸਲੇ ਲੈ ਰਹੇ ਹਾਂ ਅਤੇ ਵਿਹਾਰ ਦੇ ਅਜਿਹੇ ਮਿਆਰ ਸੈਟ ਕਰ ਰਹੇ ਹਾਂ ਜੋ ਪੂਰੀ ਤਰ੍ਹਾਂ ਨਾਲ ਉਹਨਾਂ ਦੀ ਸਹਾਇਤਾ ਕਰਨ ਲਈ ਬਣਾਏ ਗਏ ਹਨ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।*

# Covenant Health ਦਾ ਵਿਹਾਰ ਦਾ ਜ਼ਾਬਤਾ (Covenant Health Code of Conduct)


2 Covenant Health ਬੋਰਡ ਦੀਆਂ ਉਮੀਦਾਂ

2 ਅਸੀਂ ਜੋ ਕਹਿੰਦੇ ਹਾਂ ਕਿ ਅਸੀਂ ਹਾਂ ਉਸ ਨੂੰ ਵਿਚਾਰਦੇ ਹੋਏ ਸਾਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ

3 ਸਿਹਤ ਨੈਤਿਕਤਾ ਗਾਈਡ ਵਿੱਚ ਸ਼ਾਮਲ

3 ਸਾਡੇ ਆਦਰਸ਼ਾਂ ਵਿੱਚ ਵੱਸੀ ਹੋਈ

4 ਰਹਿਮਦਿਲੀ

4 ਆਦਰ

5 ਸਹਿਯੋਗ

5 ਸਮਾਜਕ ਨਿਆਂ

6 ਅਖੰਡਤਾ

6 ਪ੍ਰਬੰਧ

7 ਹਰ ਕਿਸੇ ਲਈ ਕਰਨ ਵਾਸਤੇ ਕੰਮ ਹੈ

8 ਸਾਡਾ ਵਾਅਦਾ

9 ਸ੍ਰੋਤ

# Covenant Health ਬੋਰਡ ਦੀਆਂ ਉਮੀਦਾਂ
## (The Covenant Health **Board's expectations)**

ਸਾਡੇ Covenant Health ਸੱਭਿਆਚਾਰ ਦਾ ਨਿਰਮਾਣ ਬੋਰਡ ਆਫ ਡਾਇਰੈਕਟਰਾਂ ਦੀ ਨੀਤੀ ਦੇ ਨਾਲ ਸ਼ੁਰੂ ਹੁੰਦਾ ਹੈ ਜੋ ਨੈਤਿਕ ਅਖੰਡਤਾ ਦੇ ਪ੍ਰਤੀ ਉਹਨਾਂ ਦੀ ਵਚਨਬੱਧਤਾ ਦੀ ਰੂਪਰੇਖਾ ਦਿੰਦੀ ਹੈ। ਬੋਰਡ ਦੀ ਵਚਨਬੱਧਤਾ ਸਾਡੀ ਵਚਨਬੱਧਤਾ ਹੈ। ਬੋਰਡ ਦੀ ਉਮੀਦ ਜੋ ਇਸ ਬਿਆਨ ਵਿੱਚ ਦਿੱਤੀ ਗਈ ਹੈ ਉਹਨਾਂ ਸਾਰਿਆਂ 'ਤੇ ਲਾਗੂ ਹੁੰਦੀ ਹੈ ਜੋ Covenant Health ਦੀਆਂ ਸਹੂਲਤਾਂ ਵਿੱਚ ਕੰਮ ਕਰਦੇ ਹਨ, ਅਭਿਆਸ ਕਰਦੇ ਹਨ, ਜਾਂ ਸਵੈ-ਸੇਵਾ ਦਿੰਦੇ ਹਨ।

Covenant Health ਬੋਰਡ ਦੁਆਰਾ, ਨੈਤਿਕ ਵਿਹਾਰ ਦੇ ਸਭ ਤੋਂ ਉੱਚੇ ਮਿਆਰ ਸਥਾਪਿਤ ਕਰਨ, ਅਤੇ ਉਹਨਾਂ ਦੁਆਰਾ ਕੀਤੇ ਜਾਣ ਵਾਲੇ ਹਰੇਕ ਕੰਮ ਵਿੱਚ ਉਹਨਾਂ ਮਿਆਰਾਂ ਦੀ ਪਾਲਣਾ ਕਰਨ ਅਤੇ ਉਹਨਾਂ ਨੂੰ ਸ਼ਾਮਲ ਕਰਨ ਦੀ ਵਚਬਨਬੱਧਤਾ, ਸਾਡੇ ਵਿੱਚੋਂ ਹਰੇਕ 'ਤੇ ਲਾਗੂ ਹੁੰਦੀ ਹੈ।

*ਨੈਤਿਕ ਅਖੰਡਤਾ ਪ੍ਰਤੀ ਸਾਡੀ ਵਚਨਬੱਧਤਾ ਸਾਡਾ ਵਿਹਾਰ ਦਾ ਜ਼ਾਬਤਾ* ਹੈ— ਇਸਦਾ ਮਕਸਦ ਹੈ ਮਿਆਰ ਸਥਾਪਿਤ ਕਰਨਾ ਅਤੇ Covenant Health ਟੀਮ ਦੇ ਇੱਕ ਮੈਂਬਰ ਦੇ ਤੌਰ ਤੇ ਉਸ ਨੂੰ ਮਜ਼ਬੂਤ ਬਣਾਉਣਾ, ਅਸੀਂ ਇਹਨਾਂ ਵਿਹਾਰ ਦੇ ਮਿਆਰਾਂ ਦੀ ਪਾਲਣਾ ਕਰਨ ਅਤੇ ਨੈਤਿਕ ਸੱਭਿਆਚਾਰ ਦਾ ਨਿਰਮਾਣ ਕਰਨ ਲਈ ਜਵਾਬਦੇਹ ਹਾਂ ਅਤੇ ਜਿਸ ਰਾਹੀਂ ਸਾਡੇ ਸੰਗਠਨ ਨੂੰ ਵਿਆਪਕ ਤੌਰ 'ਤੇ ਜਾਣਿਆ ਜਾਵੇਗਾ।

# ਅਸੀਂ ਜੋ ਕਹਿੰਦੇ ਹਾਂ ਕਿ ਅਸੀਂ ਹਾਂ ਉਸ ਨੂੰ ਵਿਚਾਰਦੇ ਹੋਏ ਸਾਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ
## (How we ought to act **in light of who we say we are)**

ਅਸੀਂ Covenant Health ਵਿਖੇ ਜੋ ਕੁਝ ਵੀ ਕਰਦੇ ਹਾਂ— ਮਰੀਜ਼ਾਂ ਅਤੇ ਨਿਵਾਸੀਆਂ ਦੀ ਸੇਵਾ ਕਰਨ ਦੇ ਸਾਡੇ ਤਰੀਕੇ ਤੋਂ ਲੈ ਕੇ ਸਰੋਤਾਂ ਦੀ ਵੰਡ ਕਰਨ ਲਈ ਸਾਡੇ ਫੈਸਲੇ ਲੈਣ ਦੇ ਤਰੀਕਿਆਂ ਤਕ, ਹਰੇਕ ਕੰਮ ਵਿੱਚ ਨੈਤਿਕਤਾ ਫੈਲੀ ਹੋਈ ਹੈ। ਸਾਡੀ ਨੈਤਿਕ ਪਰੰਪਰਾ ਕੈਥਲਿਕ ਆਦਰਸ਼ਾਂ ਤੋਂ ਉਪਜੀ ਹੈ ਜੋ ਇਸ ਗੱਲ ਨੂੰ ਰੂਪ ਦਿੰਦੇ ਹਨ ਕਿ ਉਹਨਾਂ ਲੋਕਾਂ ਦੇ ਸੱਭਿਆਚਾਰਾਂ, ਵਿਸ਼ਵਾਸਾਂ ਅਤੇ ਪਰੰਪਰਾਵਾਂ, ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ, ਉਹਨਾਂ ਸਮੇਤ ਜਿਨ੍ਹਾਂ ਦੇ ਨਾਲ ਅਸੀਂ ਕੰਮ ਕਰਦੇ ਹਾਂ, ਦੀ ਵਿਭਿੰਨਤਾ ਦਾ ਆਦਰ ਕਰਦੇ ਹੋਏ, ਅਸੀਂ ਹਰੇਕ ਵਿਅਕਤੀ ਦੇ ਨਾਲ ਕਿਵੇਂ ਗੱਲਬਾਤ ਕਰਦੇ ਹਾਂ।

ਬੋਰਡ, ਸਟਾਫ, ਡਾਕਟਰਾਂ ਅਤੇ ਸਵੈ-ਸੇਵੀਆਂ ਦੇ ਰੂਪ ਵਿੱਚ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਸਾਰੇ ਵਿਹਾਰਾਂ, ਰਵੱਈਏ ਅਤੇ ਫੈਸਲਿਆਂ ਵਿੱਚ ਅਖੰਡਤਾ ਨੂੰ ਪ੍ਰਗਟਾਈਏ —ਇਹ *ਨੈਤਿਕ ਅਕੰਢਤਾ ਦੇ ਪ੍ਰਤੀ ਸਾਡੀ ਵਚਨਬੱਧਤਾ* ਹੈ।





# ਸਿਹਤ ਨੈਤਿਕਤਾ ਗਾਈਡ ਵਿੱਚ ਸ਼ਾਮਲ
# (Grounded in the **Health Ethics Guide**)

ਨੈਤਿਕ ਅਖੰਡਤਾ ਪ੍ਰਤੀ ਸਾਡਾ ਵਾਅਦਾ ਸਿਹਤ ਨੈਤਿਕਤਾ ਗਾਈਡ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਗਾਈਡ ਕੈਥਲਿਕ ਹੈਲਥ ਅਲਾਇੰਸ ਆਫ ਕੈਨੇਡਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਕੇਨੇਡਿਅਨ ਕਾਉਂਸਿਲ ਆਫ ਕੈਥਲਿਕ ਬਿਸ਼ਪ ਦੁਆਰਾ ਪ੍ਰਵਾਨਿਤ ਕੀਤੀ ਗਈ ਹੈ। ਇਹ ਨੈਤਿਕ ਵਿਵੇਕ ਅਤੇ ਫੈਸਲਾ ਲੈਣ ਲਈ ਸਾਡਾ ਮੁੱਖ ਸਰੋਤ ਹੈ। *ਨੈਤਿਕ ਅਖੰਡਤਾ ਦੇ ਪ੍ਰਤੀ ਸਾਡੀ ਵਚਨਬੱਧਤਾ* ਇਸ ਕੰਮ 'ਤੇ ਅਧਾਰਤ ਹੈ।

ਸਾਰੇ ਕਲੀਨਿਕਲ ਅਤੇ ਪ੍ਰਸ਼ਾਸ਼ਨਿਕ ਆਗੂਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਫੈਸਲਾ ਲੈਣ ਦਾ ਕੰਮ ਆਲੋਚਣਾਤਮਕ ਵਿਚਾਰ ਅਤੇ ਸਿਹਤ ਨੈਤਿਕਤਾ ਗਾਈਡ ਨੂੰ ਲਾਗੂ ਕਰਕੇ ਕਰਨ, ਅਤੇ ਪੂਰੇ ਸੰਗਠਨ ਵਿੱਚ ਇਸਦੀ ਵਰਤੋਂ ਨੂੰ ਪ੍ਰੋਤਸਾਹਿਤ ਕਰਨ। ਅਸੀਂ ਇਸ ਨੂੰ ਸਾਡੇ ਦੁਆਰਾ ਲਏ ਜਾਣ ਵਾਲੇ ਕਈ ਜਟਿਲ ਨਿਯੰਤ੍ਰਕ, ਪ੍ਰਸਾਸ਼ਨਿਕ, ਕੰਮਕਾਜ ਸਬੰਧੀ ਅਤੇ ਕਲੀਨਿਕਲ ਫੈਸਲਿਆਂ ਦੇ ਸਬੰਧ ਵਿੱਚ ਆਪਣੇ ਸੰਗਠਨਾਤਮਕ ਆਦਰਸ਼ਾਂ ਨੂੰ ਦੇਖਣ ਲਈ ਵਰਤਦੇ ਹਾਂ।

*ਇਸ ਤਰੀਕੇ ਨਾਲ ਹੀ ਅਸੀਂ "ਕੈਥਲਿਕ ਆਦਰਸ਼ਾਂ ਦੁਆਰਾ ਚਲਾਈ ਜਾਂਦੀ ਰਹਿਮਦਿਲੀ ਦੇਖਭਾਲ ਮੁਹੱਈਆ ਕਰ ਸਕਦੇ ਹਾਂ"*।

# ਸਾਡੇ ਆਦਰਸ਼ਾਂ ਵਿੱਚ ਵੱਸੀ ਹੋਈ
# (Rooted in **our Values**)

ਇੱਕ ਕੈਥਲਿਕ ਸੰਗਠਨ ਦੇ ਰੂਪ ਵਿੱਚ, ਅਸੀਂ ਸਾਰੇ ਧਰਮਾਂ, ਸੱਭਿਆਚਾਰਾਂ ਅਤੇ ਹਾਲਾਤ ਵਿਚਲੇ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ, ਸਾਡੇ ਆਦਰਸ਼ਾਂ ਦੇ ਅਨੁਸਾਰ:

**ਰਹਿਮਦਿਲੀ**

**ਆਦਰ**

**ਸਹਿਯੋਗ**

**ਸਮਾਜਕ ਨਿਆਂ**

**ਅਖੰਡਤਾ**

**ਪ੍ਰਬੰਧ**

## ਸਾਡਾ ਮਿਸ਼ਨ
## (Our mission)

*ਸਾਨੂੰ ਰਹਿਮਦਿਲੀ ਦੇ ਨਾਲ ਕੰਮ ਕਰਦੇ ਹੋਏ, ਅਤੇ ਸਾਰੇ ਪੜਾਆਂ 'ਤੇ ਜ਼ਿੰਦਗੀ ਦੀ ਪਵਿੱਤਰਤਾ ਨੂੰ ਬਣਾਏ ਰੱਖਦੇ ਹੋਏ, ਅਤੇ ਸਮੁੱਚੇ ਵਿਕਅਤੀ—ਸਰੀਰ, ਮਨ ਅਤੇ ਆਤਮਾ ਦੀ ਦੇਖਭਾਲ ਕਰਦੇ ਹੋਏ ਯੀਸ਼ੂ ਮਸੀਹ ਦੀ ਸਿਹਤਯਾਬੀ ਖ਼ਿਦਮਤ ਨੂੰ ਜਾਰੀ ਰੱਖਣ ਲਈ ਬੁਲਾਇਆ ਜਾਂਦਾ ਹੈ।*

## ਸਾਡੀ ਕਲਪਨਾ
## (Our vision)

*ਆਪਣੇ ਸੇਵਾ ਦੇ ਮਿਸ਼ਨ ਤੋਂ ਪ੍ਰੇਰਿਤ ਹੋ ਕੇ, ਅਸੀਂ ਸਿਹਤ-ਸੰਭਾਲ ਦਾ ਕਾਇਆ-ਕਲਪ ਕਰਨ ਅਤੇ ਸਿਹਤ ਅਤੇ ਸਿਹਤਯਾਬੀ ਵਿੱਚ ਜੋਸ਼ੀਲੇ ਭਾਈਚਾਰਿਆਂ ਦਾ ਨਿਰਮਾਣ ਕਰਨ ਵਿੱਚ ਆਗੂ ਅਤੇ ਭਾਈਵਾਲ ਹੋਵਾਂਗੇ।*

# ਰਹਿਮਦਿਲੀ (Compassion)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

### ਅਸੀਂ ਜਿਨ੍ਹਾਂ ਲੋਕਾਂ ਨੂੰ ਸੇਵਾ ਦਿੰਦੇ ਹਾਂ ਉਹਨਾਂ ਨੂੰ ਆਪਣੇ ਸਾਰੇ ਕੰਮਾਂ ਦੇ ਕੇਂਦਰ ਵਿੱਚ ਰੱਖਣਾ

*ਅਸੀਂ ਆਪਣੇ ਸਾਰੇ ਕਲੀਨਿਕਲ, ਸੰਚਾਲਨ ਸਬੰਧੀ, ਰਣਨੀਤਿਕ ਅਤੇ ਨਿਯੰਤ੍ਰਣ ਸਬੰਧੀ ਫੈਸਲੇ ਲੈਣ ਦੇ ਅਮਲ ਦੀ ਸਫਲਤਾ ਦਾ ਇਸ ਹੱਦ ਤਕ ਮੁਲਾਂਕਣ ਕਰਾਂਗੇ ਕਿ ਇਹ ਇਹ ਦੂਜਿਆਂ ਦੀ ਸਿਹਤ ਵਿੱਚ ਉਸਾਰੂ ਸੁਧਾਰ ਕਰੇ*

### ਜ਼ਿੰਦਗੀ ਦੇ ਸ਼ੁਰੂ ਵਿੱਚ ਅਤੇ ਅੰਤ ਵਿੱਚ ਲੋਕਾਂ ਦੀ ਦੇਖਭਾਲ ਕਰਨੀ

*ਅਸੀਂ ਜਨਮ ਤੋਂ ਲੈ ਕੇ ਕੁਦਰਤੀ ਮੌਤ ਤਕ, ਸਾਰੇ ਵਿਅਕਤੀਆਂ ਦਾ ਅਸਲ ਮਾਣ ਬਰਕਰਾਰ ਰੱਖਾਂਗੇ ਅਤੇ ਇਸ ਦਾ ਆਦਰ ਕਰਾਂਗੇ*

### ਕਲੀਨਿਕਲ ਫਾਇਦਿਆਂ ਅਤੇ ਬੋਝ ਦੀ ਤੁਲਨਾ ਕਰਨੀ

*ਅਸੀਂ ਵਿਅਕਤੀਆਂ ਦੇ ਇਲਾਜ ਨੂੰ ਛੱਡ ਦੇਣ ਜਾਂ ਰੋਕਣ ਦੇ ਸੁਤੰਤਰ ਅਤੇ ਸੂਚਿਤ ਫੈਸਲੇ ਦਾ ਆਦਰ ਕਰਾਂਗੇ, ਜਦੋਂ ਬੋਝ ਉਮੀਦ ਕੀਤੇ ਗਏ ਜਾਂ ਹਾਸਲ ਕੀਤੇ ਗਏ ਫਾਇਦਿਆਂ ਤੋਂ ਵੱਧ ਜਾਂਦਾ ਹੈ*

# ਆਦਰ (Respect)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

### ਲੋਕਾਂ ਨਾਲ ਆਦਰ ਵਾਲਾ ਵਿਹਾਰ ਕਰਨਾ

*ਅਸੀਂ ਦੂਜਿਆਂ ਨਾਲ ਆਪਣੀਆਂ ਸਾਰੀਆਂ ਅੰਤਰ-ਕਿਰਿਆਵਾਂ ਵਿੱਚ ਆਦਰ ਭਰੇ ਵਿਹਾਰ, ਬੋਲੀ ਅਤੇ ਰਵੱਈਏ ਰਾਹੀਂ ਵਿਹਾਰ ਕਰਾਂਗੇ*

### ਵਿਵਾਦ ਨੂੰ ਢੁਕਵੇਂ ਪੱਧਰ 'ਤੇ ਹੱਲ ਕਰਨ ਅਤੇ ਖਤਮ ਕਰਨ ਦੀ ਕੋਸ਼ਿਸ਼ ਕਰਨੀ

*ਅਸੀਂ ਵਿਵਾਦ ਨੂੰ ਇੱਕ ਦੂਜੇ ਨਾਲ ਆਦਰ ਭਰੇ ਤਰੀਕੇ ਨਾਲ ਵਿਹਾਰ ਕਰਦੇ ਹੋਏ ਹੱਲ ਕਰਾਂਗੇ*

### ਰਾਜ਼ਦਾਰੀ ਬਣਾਏ ਰੱਖਣਾ

*ਅਸੀਂ ਨਿੱਜੀ ਜਾਣਕਾਰੀ ਦੀ ਰਾਜ਼ਦਾਰੀ ਦੀ ਰਾਖੀ ਕਰਕੇ ਅਤੇ ਭੇਤਦਾਰੀ ਨੂੰ ਬਣਾਏ ਰੱਖ ਕੇ, ਸਾਰੀਆਂ ਜ਼ਰੂਰੀ ਕਾਨੂੰਨੀ ਲੋੜਾਂ ਦਾ ਆਦਰ ਕਰਦੇ ਹੋਏ ਭਰੋਸੇ ਵਾਲਾ ਮਾਹੌਲ ਤਿਆਰ ਕਰਾਂਗੇ*

# ਸਹਿਯੋਗ
# (Collaboration)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

### ਸਾਥੀਆਂ ਨਾਲ ਸਹਿਯੋਗ ਕਰਨਾ

*ਅਸੀਂ ਸਭ ਤੋਂ ਚੰਗਾ ਕੰਮ ਪ੍ਰਾਪਤ ਕਰਨ ਵਾਸਤੇ ਦੂਜਿਆਂ ਨਾਲ ਭਾਈਵਾਲੀ ਕਰਕੇ ਆਪਣੇ ਸਹਿਯੋਗ ਦੇ ਆਦਰਸ਼ ਅਨੁਸਾਰ ਕੰਮ ਕਰਾਂਗੇ, ਜਿਸ ਵਿੱਚ ਵਿਵਾਦਾਂ ਨੂੰ ਹੱਲ ਕਰਨ ਵਾਸਤੇ ਸਰਗਰਮ ਕਾਰਵਾਈ ਕਰਨਾ ਸ਼ਾਮਲ ਹੈ*

### ਵਿਭਿੰਨਤਾ ਨੂੰ ਮਾਣ ਦੇਣਾ

*ਅਸੀਂ ਉਹਨਾਂ ਲੋਕਾਂ ਦੇ ਵੱਖ-ਵੱਖ ਸੱਭਿਆਚਾਰਾਂ, ਪਰੰਪਰਾਵਾਂ, ਧਰਮਾਂ ਅਤੇ ਵਿਸ਼ਵਾਸਾਂ ਨੂੰ ਮਾਣ ਦੇਵਾਂਗੇ ਜਿਨ੍ਹਾਂ ਨੂੰ ਅਸੀਂ ਸੇਵਾ ਦਿੰਦੇ ਹਾਂ ਅਤੇ ਸਭ ਨੂੰ ਸ਼ਾਮਲ ਕਰਨ ਵਾਲੇ ਤਰੀਕਿਆਂ ਨੂੰ ਅੱਗੇ ਵਧਾਵਾਂਗੇ*

### ਵਿਵੇਕਸ਼ੀਲ ਇਤਰਾਜ਼ ਦੀ ਵਰਤੋਂ ਕਰਾਂਗੇ

*ਅਸੀਂ ਉਹਨਾਂ ਚੰਗੇ ਵਿਵੇਕ ਵਾਲਿਆਂ ਦੀ ਹਿਮਾਇਤ ਕਰਾਂਗੇ ਜੋ ਅਜਿਹੀ ਸਰਗਰਮੀ ਵਿੱਚ ਹਿੱਸਾ ਨਹੀਂ ਲੈ ਸਕਦੇ ਹਨ ਜਿਸ ਨੂੰ ਅਨੈਤਿਕ ਜਾਂ ਉਹਨਾਂ ਦੇ ਪੇਸ਼ੇਵਰ ਵਿਹਾਰ ਦੇ ਜ਼ਾਬਤੇ ਦੇ ਉਲਟ ਸਮਝਿਆ ਜਾਂਦਾ ਹੈ, ਉਹਨਾਂ ਲੋਕਾਂ ਨੂੰ ਛੱਡੇ ਬਿਨਾਂ ਜਿਨ੍ਹਾਂ 'ਤੇ ਅਜਿਹੇ ਵਿਵੇਕਸ਼ੀਲ ਜਾਂ ਪੇਸ਼ੇਵਰ ਫੈਸਲੇ ਦਾ ਅਸਰ ਪੈ ਸਕਦਾ ਹੈ*

# ਸਮਾਜਕ ਨਿਆਂ
# (Social Justice)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

### ਹਿੱਤਾਂ ਦੇ ਟਾਕਰੇ ਨੂੰ ਘੱਟੋ-ਘੱਟ ਕਰਨਾ ਜਾਂ ਉਹਨਾਂ ਦਾ ਪ੍ਰਬੰਧ ਕਰਨਾ

*ਅਸੀ ਹਿੱਤਾਂ ਦੇ ਟਾਕਰੇ ਦਾ ਐਲਾਨ ਕਰਾਂਗੇ ਅਤੇ ਆਪਣੇ ਸਾਰੇ ਕਾਨੂੰਨੀ ਕੰਮਾਂ ਵਿੱਚ ਆਦਰਸ਼ ਕਾਰਪੋਰੇਟ ਨਾਗਰਿਕਾਂ ਦੇ ਰੂਪ ਤੌਰ 'ਤੇ ਕਾਨੂੰਨੀ, ਵਿਧਾਨਕ ਅਤੇ ਨੈਤਿਕ ਵਿਹਾਰ ਦੀ ਪਾਲਣਾ ਕਰਾਂਗੇ*

### ਵਾਤਾਵਰਣ ਸਬੰਧੀ ਪ੍ਰਬੰਧਨੂੰ ਅੱਗੇ ਵਧਾਉਣਾ

*ਅਸੀਂ ਰੀਸਾਇਕਲਿੰਗ, ਊਰਜਾ ਦੀ ਬੱਚਤ ਅਤੇ ਵਾਤਾਵਰਣ ਲਈ ਚੰਗੀਆਂ ਪਹਿਲਕਦਮੀਆਂ ਦੀ ਹਿਮਾਇਤ ਕਰਾਂਗੇ*

### ਸਮਾਜਕ ਨੀਤੀ ਪ੍ਰਤੀ ਕੰਮ ਕਰਨਾ

*ਅਸੀਂ ਕਮਾਈ ਦੇ ਵਿਕਲਪਕ ਸਰੋਤਾਂ ਦੀ ਪਾਲਣਾ ਕਰਾਂਗੇ ਅਤੇ ਕੰਮ 'ਤੇ ਰੱਖਣ ਦੇ ਨੈਤਿਕ ਤਰੀਕਿਆਂ ਦੀ ਵਰਤੋਂ ਕਰਾਂਗੇ ਜੋ ਸਮਾਜਕ ਨਿਆਂ ਨੂੰ ਅੱਗੇ ਵਧਾਉਣ*

# ਅਖੰਡਤਾ
# (Integrity)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

## ਸ਼ਿਕਾਇਤਾਂ ਨੂੰ ਹੱਲ ਕਰਨਾ

*ਅਸੀਂ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਸ਼ਿਕਾਇਤਾਂ ਨੂੰ ਹੱਲ ਕਰਾਂਗੇ ਅਤੇ ਕੁਆਲਿਟੀ, ਸੁਰੱਖਿਆ ਅਤੇ ਮਰੀਜ਼/ਨਿਵਾਸੀ ਦੇ ਮੁੱਦਿਆਂ 'ਤੇ ਧਿਆਨ ਦੇਵਾਂਗੇ*

## ਮਾੜੀਆਂ ਘਟਨਾਵਾਂ ਦਾ ਖੁਲਾਸਾ ਕਰਨਾ

*ਅਸੀਂ ਖੋਜ, ਗਿਆਨ ਅਤੇ ਕੁਆਲਿਟੀ ਵਿੱਚ ਲਗਾਤਾਰ ਸੁਧਾਰ ਦੇ ਸੱਭਿਆਚਾਰ ਨੂੰ ਅੱਗੇ ਲਿਜਾਵਾਂਗੇ*

## ਨੈਤਿਕ ਤੌਰ 'ਤੇ ਪ੍ਰਭਾਵ ਛੱਡਣ ਵਾਲੀਆਂ ਘਟਨਾਵਾਂ ਨੂੰ ਘੱਟ ਕਰਨਾ

*ਅਸੀਂ ਨਿੱਜੀ ਅਖੰਡਤਾ ਨੂੰ ਇੱਜ਼ਤ ਦੇਣ ਅਤੇ ਇਸ ਨੂੰ ਬਣਾਈ ਰੱਖਣ ਲਈ ਵੱਡੇ ਫੈਸਲੇ ਲੈਣ ਵਿੱਚ ਵਿਵੇਕਸ਼ੀਲ ਨੈਤਿਕ ਚੋਣਾਂ ਵਿੱਚ ਆਪਣੇ ਸਟਾਫ ਦੀ ਹਿਮਾਇਤ ਕਰਾਂਗੇ*

# ਪ੍ਰਬੰਧ
# (Stewardship)

*Covenant Health ਵਿਖੇ ਸਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:*

## ਸਰੋਤਾਂ ਦੀ ਵੰਡ ਦੇ ਜ਼ਿੰਮੇਵਾਰ ਫੈਸਲੇ ਲੈਣੇ

*ਅਸੀਂ ਆਪਣੇ ਸਰੋਤਾਂ ਦੀ ਵੰਡ ਦੇ ਫੈਸਲਿਆਂ ਨੂੰ ਸੰਸਥਾ ਦੇ ਮਿਸ਼ਨ, ਆਦਰਸ਼ਾਂ ਅਤੇ ਰਣਨੀਤਿਕ ਸੇਧਾਂ ਅਨੁਸਾਰ ਸੇਧ ਦਿਆਂਗੇ*

## ਨੈਤਿਕ ਸੱਭਿਆਚਾਰ ਨੂੰ ਅੱਗੇ ਵਧਾਉਣਾ

*ਅਸੀਂ ਯਕੀਨੀ ਬਣਾਵਾਂਗੇ ਕਿ ਸੰਸਥਾ ਵਿੱਚ ਸਾਰੇ ਵਿਅਕਤੀਆਂ ਵਲੋਂ ਸਹੀ ਫੈਸਲੇ ਲੈਣ ਦੇ ਅਮਲ ਨੂੰ ਅੱਗੇ ਵਧਾਉਣ ਲਈ ਸਰੋਤ ਉਪਲਬਧ ਹੋਣ*

## ਅਨੈਤਿਕ ਵਿਹਾਰ ਦੀਆਂ ਚਿੰਤਾਵਾਂ ਉਠਾਉਣ ਲਈ ਪ੍ਰਣਾਲੀ ਤਿਆਰ ਕਰਨੀ

*ਅਸੀਂ ਉਹਨਾਂ ਪ੍ਰਣਾਲੀਗਤ ਤਰੀਕਿਆਂ ਬਾਰੇ ਜਾਇਜ਼ ਚਿੰਤਾਵਾਂ 'ਤੇ ਪ੍ਰਤੀਕਰਮ ਦਿਆਂਗੇ, ਜੋ ਸੰਸਥਾ ਦੇ ਮਿਸ਼ਨ, ਆਦਰਸ਼ਾਂ ਅਤੇ ਸਾਖ 'ਤੇ ਮਾੜਾ ਅਸਰ ਪਾਉਂਦੀਆਂ ਹਨ*

# ਹਰ ਕਿਸੇ ਲਈ ਕਰਨ ਵਾਸਤੇ ਕੰਮ ਹੈ
## (Everyone has **a role to play**)

ਸੰਗਠਨ ਦਾ ਹਰੇਕ ਵਿਅਕਤੀ ਹਰ ਰੋਜ਼ ਨੈਤਿਕ ਫੈਸਲੇ ਲੈਂਦਾ ਹੈ। ਇਸ ਲਈ, ਸੰਗਠਨ ਦੇ ਨੈਤਿਕ ਸੱਭਿਆਚਾਰ, ਜਾਂ ਚਰਿੱਤਰ ਨੂੰ ਆਕਾਰ ਦੇਣ ਵਿੱਚ ਹਰੇਕ ਵਿਅਕਤੀ ਦੀ ਭੂਮਿਕਾ ਹੈ। *ਨੈਤਿਕ ਅਖੰਡਤਾ ਦੇ ਪ੍ਰਤੀ ਸਾਡੀ ਵਚਨਬੱਧਤਾ* ਸਾਡੇ ਤੋਂ ਨੈਤਿਕ ਵਿਹਾਰ ਨੂੰ ਅੱਗੇ ਵਧਾਉਣ ਅਤੇ ਲੋਕਾਂ ਨਾਲ ਨੈਤਿਕ ਵਿਵਾਦਾਂ ਨੂੰ ਸਿੱਧਾ ਅਤੇ ਆਦਰ ਸਹਿਤ ਹੱਲ ਕਰਨ ਦੀ ਮੰਗ ਕਰਦੀ ਹੈ। ਜਿਵੇਂ ਅਸੀਂ ਪਛਾਣਦੇ ਹਾਂ ਕਿ ਜ਼ਿਆਦਾਤਰ ਕਲੀਨਿਕਲ ਨਤਿਕ ਮੁੱਦਿਆਂ ਨੂੰ ਬਿਸਤਰੇ ਦੇ ਕਿਨਾਰੇ ਹੀ ਹੱਲ ਕੀਤਾ ਜਾਂਦਾ ਹੈ, ਇਸ ਲਈ ਸੰਗਠਨ ਵਿੱਚ ਹੋਰ ਨੈਤਿਕ ਵਿਵਾਦ ਦੇ ਮੁੱਦਿਆਂ ਨੂੰ ਉਸ ਪੱਧਰ ਦੇ ਨੇੜੇ ਹੱਲ ਕੀਤਾ ਜਾਂਦਾ ਹੈ ਜਿੱਥੇ ਇਹ ਵਾਪਰਦੇ ਹਨ। ਇਸ ਨੂੰ ਛੋਟੇ ਪੱਧਰ 'ਤੇ ਹੱਲ ਕਰਨ ਦਾ ਸਿਧਾਂਤ ਕਿਹਾ ਜਾਂਦਾ ਹੈ।

ਅਸੀਂ ਵਿਵਾਦਾਂ ਨੂੰ ਗੈਰ-ਜ਼ਰੂਰੀ ਢੰਗ ਨਾਲ ਅਗਲੇ ਪੱਧਰ 'ਤੇ ਵਧਾਏ ਬਿਨਾਂ ਸਿੱਧਾ ਲੋਕਾਂ ਦੇ ਨਾਲ ਹੱਲ ਕਰ ਸਕਦੇ ਹਾਂ, ਅਸੀਂ ਇੱਛਤ ਨੈਤਿਕ ਸੱਭਿਆਚਾਰ ਉਸਾਰਣ ਵਿੱਚ ਵਧੇਰੇ ਜ਼ਿੰਮੇਵਾਰੀ ਪੈਦਾ ਕਰਾਂਗੇ। ਜਦਕਿ ਕਦੇ-ਕਦੇ ਇਹ ਸਪੱਸ਼ਟ ਕਰਨ ਲਈ ਕਿ ਨੈਤਿਕ ਤੌਰ 'ਤੇ ਬਚਾਅ ਕੀਤੇ ਜਾਣ ਯੋਗ ਕਾਰਵਾਈ ਕੀ ਹੋਵੇਗੀ, ਇਸ ਵਾਸਤੇ ਬਾਹਰੀ ਮਾਹਰ ਰਾਇ ਦੀ ਲੋੜ ਪੈਂਦੀ ਹੈ, ਛੋਟੇ ਪੱਧਰ 'ਤੇ ਹੱਲ ਕਰਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਸੀਂ ਸਭ ਨੈਤਿਕ ਏਜੰਟ ਹਾਂ, ਅਤੇ ਆਪਣੇ ਵਿਹਾਰ, ਰਵੱਈਏ ਅਤੇ ਫੈਸਲਿਆਂ ਰਾਹੀਂ ਆਪਣੀ ਸੰਸਥਾ ਦੇ ਨੈਤਿਕ ਸੱਭਿਆਚਾਰਕ 'ਤੇ ਉਸਾਰੂ ਪ੍ਰਭਾਵ ਛੱਡ ਸਕਦੇ ਹਾਂ।

ਪੂਰੀ ਸੰਸਥਾ ਵਿੱਚ ਨੈਤਿਕ ਪਸਾਰ ਕਰਨ ਪ੍ਰਤੀ ਇਸ ਜ਼ਮੀਨੀ, ਅੱਗੇ ਨਾ ਵਧਾਉਣ ਵਾਲੇ ਤਰੀਕੇ ਨੂੰ ਵਿਦਿਅਕ ਸਰੋਤਾਂ, ਸਿਖਲਾਈ ਅਤੇ ਅੰਦਰੂਨੀ ਅਮਲ ਰਾਹੀਂ ਹਿਮਾਇਤ ਦਿੱਤੀ ਜਾਂਦੀ ਹੈ।

# ਸਾਡਾ ਵਾਅਦਾ (Our **promise**)

*ਨੈਤਿਕ ਅਖੰਡਤਾ ਦੇ ਪ੍ਰਤੀ ਸਾਡੀ ਵਚਨਬੱਧਤਾ* ਵਿਹਾਰ ਦੇ ਜ਼ਾਬਤੇ ਤੋਂ ਵੱਧ ਕੇ ਹੈ—ਇਹ ਇੱਕ ਵਾਅਦਾ ਹੈ। ਕੈਥਲਿਕ ਸਿਹਤ-ਸੰਭਾਲ ਪਰੰਪਰਾ ਸਭ ਤੋਂ ਉੱਚੇ ਕਲੀਨਿਕਲ ਮਿਆਰਾਂ ਨੂੰ ਬਣਾਏ ਰੱਖਣ ਦੀ ਬਹੁਮੁੱਲੀ ਵਿਰਾਸਤ 'ਤੇ ਅਧਾਰਤ ਹੈ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਮਰੀਜ਼ ਅਤੇ ਨਿਵਾਸੀ ਸਾਡੇ ਦੁਆਰਾ ਕੀਤੇ ਜਾਣ ਵਾਲੇ ਹਰੇਕ ਕੰਮ ਦਾ ਕੇਂਦਰ ਹੋਣ। ਅਸੀਂ ਅਜਿਹੇ ਸੱਭਿਆਚਾਰ ਦਾ ਨਿਰਮਾਣ ਕਰਨ ਦਾ ਵਾਅਦਾ ਕਰਦੇ ਹਾਂ ਜੋ ਸਾਡੇ ਬੋਰਡ, ਸਟਾਫ, ਡਾਕਟਰਾਂ ਅਤੇ ਵਾਲੰਟੀਅਰਾਂ ਦੀ ਵੱਧਣ-ਫੁੱਲਣ, ਅਤੇ ਇਹ ਜਾਣਨ ਵਿੱਚ ਮਦਦ ਕਰਦੇ ਹਨ ਕਿ ਅਸੀਂ ਅਜਿਹੇ ਫੈਸਲੇ ਲੈ ਰਹੇ ਹਾਂ ਅਤੇ ਵਿਹਾਰ ਦੇ ਅਜਿਹੇ ਮਿਆਰ ਸਥਾਪਿਤ ਕਰ ਰਹੇ ਹਾਂ ਜੋ ਪੂਰੀ ਤਰ੍ਹਾਂ ਨਾਲ ਉਹਨਾਂ ਦਾ ਸਮਰਥਨ ਕਰਨ ਲਈ ਨਿਰਦੇਸ਼ਿਤ ਹਨ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।

ਇਹ *ਨੈਤਿਕ ਅਖੰਡਤਾ ਦੇ ਪ੍ਰਤੀ ਸਾਡੀ ਵਚਨਬੱਧਤਾ* ਹੈ , ਅਤੇ Covenant Health ਦੀ ਵਿਸ਼ੇਸ਼ਤਾ ਹੈ ਜਿਸ 'ਤੇ ਸਾਨੂੰ ਸਭ ਨੂੰ ਮਾਣ ਹੈ।

"ਅੰਤ ਵਿੱਚ, ਪਿਆਰੇ, ਜੋ ਵੀ ਸੱਚ ਹੈ,

ਜੋ ਵੀ ਆਦਰਯੋਗ ਹੈ,

ਜੋ ਵੀ ਸਹੀ ਹੈ,

ਜੋ ਵੀ ਸ਼ੁੱਧ ਹੈ,

ਜੋ ਵੀ ਖੁਸ਼ੀ ਦੇਣ ਵਾਲਾ ਹੈ,

ਜੋ ਵੀ ਪ੍ਰਸੰਸਾਯੋਗ ਹੈ,

ਜੇ ਕੋਈ ਵੀ ਉੱਤਮਤਾ ਹੈ ਅਤੇ ਕੋਈ ਵੀ ਗੱਲ ਪ੍ਰਸੰਸਾ ਦੇ ਲਾਇਕ ਹੈ,

ਤਾਂ ਇਹਨਾਂ ਚੀਜ਼ਾਂ ਬਾਰੇ ਸੋਚੋ"

ਫੀਲੀਪੀਅਨਸ 4:8a

# ਸ੍ਰੋਤ (Resources)

ਨੈਤਿਕਤਾ, Covenant Health ਦੇ ਆਦਰਸ਼ਾਂ ਅਤੇ ਨੈਤਿਕ ਫੈਸਲੇ ਲੈਣ ਦੇ ਅਮਲ ਬਾਰੇ ਚਰਚਾ ਕਰਨ ਲਈ ਕਈ ਸਰੋਤ ਉਪਲਬਧ ਹਨ:

### *ਸਿਹਤ ਨੈਤਿਕਤਾ ਗਾਈਡ*

ਮੌਜੂਦਾ *ਸਿਹਤ ਨੈਤਿਕਤਾ ਗਾਈਡ* ਔਨਲਾਈਨ ਇਸ ਪਤੇ 'ਤੇ ਉਪਲਬਧ ਹੈ:
http://www.chac.ca/resources/ethics/ethicsguide_e.php

### *Covenant Health ਵਿਖੇ ਨੈਤਿਕਤਾ*

ਨੈਤਿਕਤਾ ਕੇਂਦਰ, ਸਿੱਖਿਆ ਅਤੇ ਪ੍ਰੋਗਰਾਮਾਂ, ਨੈਤਿਕਤਾ ਸੇਵਾਵਾਂ ਅਤੇ ਹੋਰ ਗੱਲਾਂ ਬਾਰੇ ਪਤਾ ਕਰਨ ਲਈ ਸਾਡੇ ਨੈਤਿਕਤਾ ਕੇਂਦਰ ਵਿੱਚ ਜਾਓ।

CompassionNet ਬਾਰੇ ਅੰਦਰੂਨੀ ਸਾਈਟ: Care & Safety > Ethics Centre

ਬਾਹਰੀ ਸਾਈਟ: CovenantHealth.ca/ethics-centre

### *ਮਿਸ਼ਨ ਵਿਵੇਕਸ਼ੀਲਤਾ ਸਾਧਨ*

Covenant Health ਮਿਸ਼ਨ ਵਿਵੇਕਸ਼ੀਲਤਾ ਸਾਧਨ, ਅਤੇ ਇੱਕ ਕੰਮਕਾਜੀ ਟੈਂਪਲੇਟ ਔਨਲਾਇਨ ਇਸ ਵੈਬਸਾਈਟ 'ਤੇ ਉਪਲਬਧ ਹੈ: http://www.covenanthealth.ca/media/15152/Mission_discernment_Tool.pdf

ਇਸਦੇ ਨਾਲ ਹੀ, Covenant Health ਮਿਸ਼ਨ ਦੇ ਆਦਰਸ਼ਾਂ ਅਤੇ ਨੈਤਿਕ ਪਰੰਪਰਾਵਾਂ ਨੂੰ ਸੁਧਾਰਨ ਅਤੇ ਇਹਨਾਂ ਨੂੰ ਸਾਡੀਆਂ ਸੰਚਾਲਨਾਤਮਕ ਪ੍ਰਕਿਰਿਆਵਾਂ ਵਿੱਚ ਸ਼ਾਮਲ ਕਰਨ ਲਈ ਕਈ ਸਾਰੇ ਸਿਖਲਾਈ ਅਤੇ ਸਿੱਖਿਆ ਦੇ ਸਰੋਤ ਉਪਲਬਧ ਹਨ:

- Covenant Health ਲੀਡਰਸ਼ਿਪ ਚੈਲੇਂਜ
- ਸਹੂਲਤ ਲਈ ਪ੍ਰਦਰਸ਼ਨ ਦੇ ਟੀਚੇ ਜੋ ਸਾਡੇ ਮਿਸ਼ਨ ਨੂੰ ਅੱਗੇ ਵਧਾਉਂਦੇ ਹਨ (ਮਿਸ਼ਨ ਮੁਲਾਂਕਣ)
- ਪ੍ਰਦਰਸ਼ਨ ਮੁਲਾਂਕਣ ਅਤੇ ਕਾਰਵਾਈ ਯੋਜਨਾਵਾਂ
- ਮਰੀਜ਼ ਸਬੰਧੀ ਵਿਚੋਲੀਏ ਅਤੇ ਖੁਲਾਸਾ ਕੋਚ
- ਮੂਲ ਕਾਰਨ ਦਾ ਵਿਸ਼ਲੇਸ਼ਣ
- ਨੈਤਿਕ ਫੈਸਲੇ ਲੈਣ ਦਾ ਢਾਂਚਾ
- ਗੁਣਵੱਤਾ ਦੇ ਭਰੋਸੇ ਬਾਰੇ ਕਮੇਟੀ ਦੇ ਵਿਚਾਰ-ਵਟਾਂਦਰੇ
- ਅੰਦਰੂਨੀ ਲੇਖਾ ਜਾਂਚ ਅਤੇ ਵਿੱਤੀ ਸਮੀਖਿਆਵਾਂ
- ਕਲੀਨਿਕਲ ਅਤੇ ਸੰਗਠਨਾਤਮਕ ਨੈਤਿਕਤਾ ਟੀਮਾਂ ਅਤੇ ਸਲਾਹਕਾਰ

ਜੇ ਤੁਸੀਂ ਇਹਨਾਂ ਸਰੋਤਾਂ ਦੀਆਂ ਕਾਪੀਆਂ ਲੈਣੀਆਂ ਚਾਹੋ ਜਾਂ ਆਪਣੀ ਟੀਮ ਦੇ ਨਾਲ ਸਾਡੇ ਵਿਹਾਰ ਦੇ ਜ਼ਾਬਤੇ ਬਾਰੇ ਵਿਦਿਅਕ ਸੈਸ਼ਨ ਆਯੋਜਿਤ ਕਰਨਾ ਚਾਹੋ, ਤਾਂ ਕਿਰਪਾ ਕਰਕੇ ਮਿਸ਼ਨ, ਐਥਿਕਸ ਐਂਡ ਸਪਿਰਿਚੁਐਲਿਟੀ ਨਾਲ ਈਮੇਲ ਦੁਆਰਾ mes@covenanthealth.ca 'ਤੇ ਜਾਂ ਫੋਨ ਦੁਆਰਾ 780.735.9597 'ਤੇ ਸੰਪਰਕ ਕਰੋ।

CovenantHealth.ca

ਅਪ੍ਰੈਲ 2015